Acute Services Division

NHS Greater Glasgow and Clyde

# ਤੁਹਾਡੀ ਵ੍ਹੀਲਚੇਅਰ ਨੂੰ ਇੱਕ ਵਾਹਨ ਵਿੱਚ ਲੈ ਕੇ ਜਾਣਾ

ਬਾਰੇ ਜਾਣਕਾਰੀ

**(Information about Transporting your Wheelchair in a Vehicle – Punjabi)**

ਪੱਛਮੀ ਸਕੌਟਲੈਂਡ ਦਾ ਗਤੀਸ਼ੀਲਤਾ ਅਤੇ
ਮੁੜ-ਵਸੇਬਾ ਸੈਂਟਰ (ਵੈਸਟਮਾਰਕ)
ਕੁਵੀਨ ਐਲੀਜ਼ਾਬੈਥ ਯੂਨੀਵਰਸਿਟੀ ਹਸਪਤਾਲ
1345 Govan Road
Glasgow G51 4TF

**ਟੈਲੀਫੋਨ:** 0300 790 0129

**ਈਮੇਲ:** westmarc@ggc.scot.nhs.uk

ਸਮੀਖਿਆ ਮਿਤੀ: ਦਿਸੰਬਰ 2022    MI• 304367 v2.0

ਇਹ ਪਰਚਾ ਤੁਹਾਨੂੰ ਇਸ ਬਾਰੇ ਜਾਣਕਾਰੀ ਦਿੰਦਾ ਹੈ ਕਿ ਆਪਣੇ ਆਪ ਨੂੰ ਅਤੇ ਆਪਣੀ ਵ੍ਹੀਲਚੇਅਰ ਨੂੰ ਵਾਹਨ ਵਿੱਚ ਸੁਰੱਖਿਅਤ ਢੰਗ ਨਾਲ ਕਿਵੇਂ ਲਿਜਾਣਾ ਹੈ।

## ਆਪਣੀ ਵ੍ਹੀਲਚੇਅਰ ਤੋਂ ਬਾਹਰ ਨਿਕਲਨਾ

ਜਦੋਂ ਵੀ ਸੰਭਵ ਹੋਵੇ, ਤੁਹਾਨੂੰ ਵ੍ਹੀਲਚੇਅਰ ਉਪਭੋਗਤਾ ਵਜੋਂ ਆਵਾਜਾਈ ਲਈ ਕਿਸੇ ਵਾਹਨ ਦੀ ਸੀਟ ਵਿੱਚ ਬੈਠਨਾ ਚਾਹੀਦਾ ਹੈ। ਤੁਹਾਡੀ ਵ੍ਹੀਲਚੇਅਰ ਅਤੇ ਸੰਬੰਧਿਤ ਉਪਕਰਣ ਫਿਰ ਵਾਹਨ ਵਿੱਚ ਸੁਰੱਖਿਅਤ ਕਰ ਕੇ ਰਖੇ ਜਾਣੇ ਚਾਹੀਦੇ ਹਨ।

ਤੁਹਾਨੂੰ ਆਪਣੀ ਵ੍ਹੀਲਚੇਅਰ ਨੂੰ ਸੁਰੱਖਿਅਤ ਰਖਣ ਲਈ ਸਮਾਨ ਬੰਨ੍ਹਣ ਵਾਲੀ ਪੇਟੀ ਦੀ ਲੋੜ ਹੋ ਸਕਦੀ ਹੈ ਜੇਕਰ ਇੱਕ ਢੁਕਵਾਂ ਸੀਮਤ ਸਮਾਨ ਖਾਨਾ ਉਪਲਬਧ ਨਹੀਂ ਹੈ।

ਇਹ ਮਹੱਤਵਪੂਰਨ ਹੈ ਕਿ ਟੱਕਰ ਹੋਣ ਦੀ ਸਥਿਤੀ ਵਿੱਚ ਸੱਟ ਲੱਗਣ ਤੋਂ ਰੋਕਣ ਲਈ ਤੁਹਾਡੀ ਵ੍ਹੀਲਚੇਅਰ ਨੂੰ ਸੁਰੱਖਿਅਤ ਢੰਗ ਨਾਲ ਲਿਜਾਇਆ ਜਾਵੇ।

## ਜੇ ਤੁਸੀਂ ਸਿਰਫ਼ ਆਪਣੀ ਵ੍ਹੀਲਚੇਅਰ ਵਿੱਚ ਸਫ਼ਰ ਕਰ ਸਕਦੇ ਹੋ

ਤੁਹਾਨੂੰ ਹਮੇਸ਼ਾ ਆਪਣੀ ਵ੍ਹੀਲਚੇਅਰ ਦੇ ਨਿਰਮਾਤਾਵਾਂ ਦੇ ਉਪਭੋਗਤਾ ਮੈਨੂਅਲ ਵਿੱਚ ਦਿੱਤੀ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ।

- ਆਵਾਜਾਈ ਦੇ ਦੌਰਾਨ ਤੁਹਾਡੀ ਵ੍ਹੀਲਚੇਅਰ ਨੂੰ ਵਾਹਨ ਨਾਲ ਬੰਨ੍ਹ ਕੇ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਤੁਹਾਨੂੰ ਆਪਣੀ ਵ੍ਹੀਲਚੇਅਰ ਨੂੰ ਵ੍ਹੀਲਚੇਅਰ ਟਾਈ-ਡਾਊਨ ਸਿਸਟਮ ਨਾਲ ਸੁਰੱਖਿਅਤ ਕਰਨ ਦੀ ਲੋੜ ਹੈ।
- ਤੁਹਾਨੂੰ ਆਵਾਜਾਈ ਦੌਰਾਨ ਵਾਹਨ ਦੀ ਸੁਰੱਖਿਆ ਬੈਲਟ ਜਾਂ ਹਾਰਨੈੱਸ ਪਹਿਨਣ ਦੀ ਲੋੜ ਪਵੇਗੀ। ਤੁਹਾਨੂੰ ਆਪਣੀ ਵ੍ਹੀਲਚੇਅਰ ਬੈਠਣ ਦੀ ਪ੍ਰਣਾਲੀ ਦੇ ਅੰਦਰ ਲਗੀ ਪੇਟੀ ਦੀ ਵਰਤੋਂ ਕਰਨ ਦੀ ਲੋੜ ਵੀ ਪਵੇਗੀ ਕਿਉਂਕਿ ਇਹ ਤੁਹਾਡੇ ਪੈਂਤੜੇ ਨੂੰ ਸਹਾਰਾ ਦਿੰਦੀ ਹੈ। ਤੁਹਾਡੀ ਵ੍ਹੀਲਚੇਅਰ ਦੇ ਅੰਦਰਲੀ ਪੇਟੀ ਟਕਰ ਹੋਣ ਦੀ ਸਥਿਤੀ ਵਿੱਚ ਤੁਹਾਡੀ ਰੱਖਿਆ ਨਹੀਂ ਕਰੇਗੀ।
- ਆਵਾਜਾਈ ਦੇ ਦੌਰਾਨ ਤੁਹਾਡੀ ਵ੍ਹੀਲਚੇਅਰ ਦਾ ਮੂੰਹ ਜਾਂ ਤਾਂ ਵਾਹਨ ਦੇ ਅੱਗੇ ਵੱਲ ਹੋਣਾ ਚਾਹੀਦਾ ਹੈ ਜਾਂ ਪਿੱਛੇ ਵੱਲ,  ਨਾ ਕਿ ਪਾਸੇ ਵੱਲ।
- ਕਿਸੇ ਟੱਕਰ ਹੋਣ ਦੀ ਸਥਿਤੀ ਵਿੱਚ ਤੁਹਾਡੀ ਵ੍ਹੀਲਚੇਅਰ 'ਤੇ ਤਿੱਖੀਆਂ ਵਸਤੂਆਂ ਸੰਭਾਵੀ ਤੌਰ 'ਤੇ ਸੱਟ ਦਾ ਕਾਰਨ ਬਣ ਸਕਦੀਆਂ ਹਨ। ਤੁਹਾਨੂੰ ਬੈਠਣ ਦੇ ਕਿਸੇ ਵੀ ਅਜਿਹੇ ਸਮਾਨ (ਜਿਵੇਂ ਕਿ ਧੋਮਲ, ਟ੍ਰੇਅ) ਨੂੰ ਹਟਾਉਣ ਬਾਰੇ ਸੋਚਨਾ ਚਾਹੀਦਾ ਹੈ ਜੋ ਵ੍ਹੀਲਚੇਅਰ ਵਿੱਚ ਬੈਠਣ ਵੇਲੇ ਤੁਹਾਡੇ ਅਰਾਮ ਨੂੰ ਪ੍ਰਭਾਵਿਤ ਨਹੀਂ ਕਰੇਗਾ।
- ਤੁਹਾਡੀ ਵ੍ਹੀਲਚੇਅਰ 'ਤੇ ਫਿੱਟ ਕੀਤਾ ਗਿਆ ਇੱਕ ਹੈੱਡਰੈਸਟ ਟੱਕਰ ਹੋਣ ਦੀ ਸਥਿਤੀ ਵਿੱਚ ਵਿੱਪਲੈਸ਼ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਜੇਕਰ ਤੁਹਾਡੀ ਵ੍ਹੀਲਚੇਅਰ ਵਿੱਚ ਇੱਕ ਹੈੱਡਰੈਸਟ ਹੈ ਤਾਂ ਇਹ ਤੁਹਾਡੀ ਪੈਂਤੜੇ ਦਾ ਸਮਰਥਨ ਕਰਨ ਲਈ ਹੈ ਅਤੇ ਵਾਹਨ ਦੀ ਟੱਕਰ ਹੋਣ ਦੀ ਸਥਿਤੀ ਵਿੱਚ ਇਸਦੀ ਕਾਰਗੁਜ਼ਾਰੀ ਲਈ ਇਸ ਨੂੰ ਟੈਸਟ ਨਹੀਂ ਕੀਤਾ ਗਿਆ ਹੈ।

## ਮਸ਼ੀਨੀ (ਪਾਵਰਡ) ਵ੍ਹੀਲਚੇਅਰਾਂ ਦੀ ਆਵਾਜਾਈ

ਤੁਹਾਨੂੰ ਦਸਤੀ ਵ੍ਹੀਲਚੇਅਰ ਦੀ ਆਵਾਜਾਈ ਲਈ ਪ੍ਰਦਾਨ ਕੀਤੀ ਗਈ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ ਪਰੰਤੂ ਕਿਰਪਾ ਕਰਕੇ ਹੇਠਾਂ ਦਿੱਤੇ ਨੁਕਤਿਆਂ 'ਤੇ ਧਿਆਨ ਦਿਓ:

- ਸਖ਼ਤ ਕਲੈਂਪ ਕਿਸਮ ਦੇ ਵ੍ਹੀਲਚੇਅਰ ਟਾਈ ਡਾਊਨ ਸਿਸਟਮ ਪਾਵਰਡ ਵ੍ਹੀਲਚੇਅਰਾਂ ਲਈ ਢੁੱਕਵੇਂ ਨਹੀਂ ਹਨ ਅਤੇ ਤੁਹਾਨੂੰ ਇਹਨਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।
- ਵ੍ਹੀਲਚੇਅਰ ਦੀਆਂ ਬੈਟਰੀਆਂ ਨੂੰ ਸਹੀ ਢੰਗ ਨਾਲ ਬੰਨ੍ਹ ਕੇ ਰੱਖਿਆ ਜਾਣਾ ਚਾਹੀਦਾ ਹੈ, ਪਾਵਰ ਸਪਲਾਈ ਦਾ ਸਵਿੱਚ ਬੰਦ ਕੀਤਾ ਜਾਣਾ ਚਾਹੀਦਾ ਹੈ ਅਤੇ ਜੇ ਮੈਨੂਅਲ ਬ੍ਰੇਕਾਂ ਹਨ, ਤਾਂ ਉਹ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਵਧੇਰੇ ਜਾਣਕਾਰੀ ਲਈ ਤੁਸੀਂ ਆਪਣੇ ਟ੍ਰਾਂਸਪੋਰਟ ਪ੍ਰਦਾਤਾ ਨਾਲ ਸੰਪਰਕ ਕਰ ਸਕਦੇ ਹੋ।

ਜੇਕਰ ਤੁਹਾਡੇ ਕੋਲ ਆਪਣੀ ਵ੍ਹੀਲਚੇਅਰ ਨਿਰਮਾਤਾਵਾਂ ਦਾ ਉਪਭੋਗਤਾ ਮੈਨੂਅਲ ਨਹੀਂ ਹੈ ਤਾਂ ਤੁਸੀਂ ਵੈਸਟਮਾਰਕ (WestMARC) ਨਾਲ **0300 790 0129** 'ਤੇ ਸੰਪਰਕ ਕਰਕੇ ਇਸਦੀ ਇੱਕ ਕਾਪੀ ਲਈ ਬੇਨਤੀ ਕਰ ਸਕਦੇ ਹੋ।